# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

**ਐਸ.ਸੀ.ਓ. – 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 – ਏ, ਚੰਡੀਗੜ੍ਹ।**

ਵੱਲ,

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ

ਮੀਮੋ ਨੰ: ਸਸਅ/ਕੋਆਰਡੀਨੇਸ਼ਨ/2009/76981
ਮਿਤੀ: ਚੰਡੀਗੜ੍ਹ 25.11.09

**ਵਿਸ਼ਾ: ਚਾਰਜਸ਼ੀਟ ਕੀਤੇ ਕਰਮਚਾਰੀਆਂ ਦੇ ਵੇਰਵੇ ਇਕੱਤਰ ਕਰਨ ਸੰਬੰਧੀ।**

**ਹਵਾਲਾ: ਇਸ ਦਫ਼ਤਰ ਦੇ ਪੱਤਰ ਨੰ. ਪੱਤਰ ਨੰ. ਸਸਅ/ਕੋਆਰਡੀਨੇਸ਼ਨ/09/51228-267, ਮਿਤੀ 07.07.09।**

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰ ਰਾਹੀ ਆਪ ਜੀ ਨੂੰ ਲਿਖਿਆ ਗਿਆ ਸੀ ਕਿ ਸਕੂਲਾਂ ਵਿੱਚ ਬਹੁਤ ਸਾਰੇ ਕਰਮਚਾਰੀਆਂ ਨੂੰ ਵੱਖ-ਵੱਖ ਦੋਸ਼ਾਂ ਕਾਰਨ ਚਾਰਜਸ਼ੀਟ ਕੀਤਾ ਗਿਆ ਹੈ ਪਰ ਇਨ੍ਹਾਂ ਦਾ ਵੇਰਵਾ ਇਸ ਦਫ਼ਤਰ ਨੂੰ ਨਹੀਂ ਭੇਜਿਆ ਗਿਆ। ਇਸ ਲਈ ਜ਼ਿਲ੍ਹੇ ਨਾਲ ਸੰਬੰਧਤ ਚਾਰਜਸ਼ੀਟ ਕੀਤੇ ਗਏ ਕਰਮਚਾਰੀਆਂ ਦਾ ਵੇਰਵਾ ਕਾਡਰ ਅਨੁਸਾਰ ਨਿਮਨਲਿਖਤ ਪ੍ਰੋਫਾਰਮੇ ਵਿੱਚ ਭੇਜਿਆ ਜਾਵੇ:

| ਲੜੀ ਨੰ. | ਕਰਮਚਾਰੀ ਦਾ ਨਾਮ | ਅਹੁਦਾ | ਚਾਰਜਸ਼ੀਟ ਜਾਰੀ ਕਰਨ ਦੀ ਮਿਤੀ | ਨਿਯੁਕਤੀ ਦਾ ਸਥਾਨ | ਕੇਸ ਦੀ ਵਰਤਮਾਨ ਸਥਿਤੀ | ਜੇਕਰ ਗੈਰ-ਵਾਜਬ ਦੇਰੀ ਹੈ ਤਾਂ ਉਸ ਦੇ ਕਾਰਨ |
|---|---|---|---|---|---|---|
| | | | | | | |

ਪ੍ਰੰਤੂ ਇਸ ਸਬੰਧੀ ਆਪ ਵੱਲੋਂ ਇਸ ਦਫਤਰ ਨੂੰ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਹੈ। ਆਪਨੂੰ ਦੁਬਾਰਾ ਲਿਖਿਆ ਜਾਂਦਾ ਹੈ ਕਿ ਉਪਰੋਕਤ ਸੂਚਨਾ ਤੁਰੰਤ ਈ-ਮੇਲ (ssacord@gmail.com) ਅਤੇ ਡਾਕ ਰਾਹੀਂ ਇਸ ਦਫ਼ਤਰ ਨੂੰ ਭੇਜੀ ਜਾਵੇ ਜੀ।

ਇਸਨੂੰ ਪਰਮ ਅਗੇਤ ਦਿੱਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ

ਪਿਠ ਅੰਕਣ ਨੰ.: ਸਸਅ/ਕੋਆਰਡੀਨੇਸ਼ਨ/2009/ ਮਿਤੀ:

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਡੀ.ਪੀ.ਆਈ. (ਸੈ.ਸਿ.) ਪੰਜਾਬ, ਚੰਡੀਗੜ੍ਹ
2. ਡੀ.ਪੀ.ਆਈ. (ਐ.ਸਿ.) ਪੰਜਾਬ, ਚੰਡੀਗੜ੍ਹ

ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ